# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ.) ਬਠਿੰਡਾ

**ਕਮਰਾ ਨੰਬਰ 458,ਐੱਮ.ਆਈ.ਐੱਸ. ਵਿੰਗ ਤੀਜੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ**

**ਫੋਨ ਨੰਬਰ: 0164-2240025, ਈ-ਮੇਲ: misbathinda@punjabeducation.gov.in**

ਵੱਲ:

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
ਸਮੂਹ ਨੋਡਲ ਇੰਚਾਰਜ (ਈ-ਪੰਜਾਬ)
ਸਮੂਹ ਸਕੂਲ ਮੁੱਖੀ
ਸਮਿਸ/ਸਹਸ/ਸਸਸਸ/ਮਾਡਲ ਸਕੂਲ
ਜਿਲ੍ਹਾ ਬਠਿੰਡਾ।

ਪੱਤਰ ਨੰ: ਸਸਅ/2018/ਐਮ.ਆਈ.ਐਸ./ਈ-ਪੰਜਾਬ/201852465 ਮਿਤੀ: 22/10/2018

**ਵਿਸ਼ਾ:- ਈ-ਪੰਜਾਬ ਸਕੂਲ ਪੋਰਟਲ ਤੇ ਸਟਾਫ ਡਾਟਾ ਪੂਰਨ ਤੋਰ ਤੇ ਲਾਕ ਕਰਨ ਸਬੰਧੀ।**

ਉਪਰੋਕਤ ਵਿਸ਼ੇ ਅਧੀਨ ਮੁੱਖ ਦਫਤਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਈ-ਪੰਜਾਬ ਸਕੂਲ ਪੋਰਟਲ ਤੇ ਸਮੂਹ ਸਟਾਫ ਅਤੇ ਸੈਂਕਸ਼ਨਡ ਪੋਸਟਾ ਦੇ ਡਾਟੇ ਨੂੰ ਵਾਰ-ਵਾਰ ਅਪਡੇਟ ਕਰਨ ਦੀ ਕੋਈ ਜਰੂਰਤ ਨਹੀਂ ਹੁੰਦੀ ਇਸ ਲਈ ਇਸ ਡਾਟੇ ਨੂੰ ਪੱਕੇ ਤੋਰ ਤੇ ਲੱਕ ਕੀਤਾ ਜਾ ਰਿਹਾ ਹੈ, ਭਾਵ ਇਸ ਡਾਟੇ ਵਿੱਚ ਭੱਵਿਖ ਵਿੱਚ ਕੋਈ ਵੀ ਤਬਦੀਲੀ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਉਕਤ ਡਾਟੇ ਨੂੰ ਜਿਲ੍ਹਾ ਪੱਧਰ ਤੋ ਵੀ ਡਿਸਅਪਰੂਵ ਕੀਤਾ ਜਾ ਸਕੇਗਾ। ਸਟਾਫ ਦੇ ਡਾਟੇ ਵਿੱਚ ਸਕੂਲ ਪੱਧਰ ਤੋਂ ਸਿਰਫ ਟ੍ਰਾਂਸਫਰ ਜਾਂ ਪ੍ਰੋਮੋਸ਼ਨ ਹੀ ਦਰਜ ਕੀਤੀ ਜਾ ਸਕੇਗੀ। ਇਸ ਲਈ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਸਕੂਲ ਅਤੇ ਆਪ ਦੇ ਅਧੀਨ/ਅਟੈਚ ਕੀਤੇ ਸਮੂਹ ਸਰਕਾਰੀ/ਮਾਡਲ ਸਕੂਲਾਂ ਦੇ ਸਮੂਹ ਸਟਾਫ ਅਤੇ ਸੈਂਕਸ਼ਨਡ ਪੋਸਟਾ ਦੇ ਡਾਟੇ ਨੂੰ ਸਮੁੱਚੇ ਤੋਰ ਤੇ ਚੰਗੀ ਤਰਾਂ ਵੈਰੀਫਾਈ ਕਰ ਲਿਆ ਜਾਵੇ। ਸਟਾਫ (Teaching/Non Teaching) ਦੇ ਸਮੁੱਚੇ ਡਾਟੇ ਤੋਂ ਭਾਵ (General Profile, Job Profile, Promotins, Qualification, ACR, Merit No. etc) ਚੰਗੀ ਤਰ੍ਹਾਂ ਵੈਰੀਫਾਈ ਕਰਵਾ ਲਿਆ ਜਾਵੇ। ਜੇਕਰ ਇਸ ਡਾਟੇ ਵਿੱਚ ਕੋਈ ਕਮੀ ਹੈ ਅਤੇ ਡਾਟੇ ਨੂੰ ਸਹੀ ਕਰਨ ਦੀ ਜਰੂਰਤ ਹੈ ਤਾਂ ਡਾਟੇ ਨੂੰ ਸਬੰਧਤ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕਰਕੇ ਮਿਤੀ 25/10/2018 ਤੱਕ ਅਪਡੇਟ ਕਰਵਾਇਆ ਜਾਵੇ। ਜੇਕਰ ਭਵਿੱਖ ਵਿੱਚ ਫਿਰ ਵੀ ਡਾਟੇ ਵਿੱਚ ਕੋਈ ਖਾਮੀ ਪਾਈ ਜਾਂਦੀ ਹੈ ਤਾਂ ਸਬੰਧਤ ਵਲੋਂ ਮੁੱਖ ਦਫਤਰ ਤੋਂ ਹੀ ਨਿਜੀ ਰੂਪ ਵਿੱਚ ਜਾ ਦੇ ਦਰੁਸਤ ਕਰਵਾਇਆ ਜਾ ਸਕੇਗਾ ਅਤੇ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਅਧਿਆਪਕ/ਸਬੰਧਤ ਸਕੂਲ ਮੁੱਖੀ/ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ/ ਸਬੰਧਤ ਨੋਡਲ ਇੰਚਾਰਜ ਦੀ ਹੋਵੇਗੀ।

| | | |
|---|---|---|
| **ਜ਼ਿਲ੍ਹਾ ਐੱਮ.ਆਈ ਐੱਸ ਕੋਆਰਡੀਨੇਟਰ**<br>**ਬਠਿੰਡਾ** | **ਜਿਲ੍ਹਾ ਸਿੱਖਿਆ ਅਫਸਰ(ਐ.ਸਿ)**<br>**ਬਠਿੰਡਾ** | **ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)**<br>**ਬਠਿੰਡਾ** |